# ਮੈਡੀਕਲ ਸਟੋਰ ਦੀ ਖੁੱਲੀ ਬੋਲੀ

ਹਰ ਚਾਹਵਾਨ ਉਮੀਦਵਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਚਲਾਏ ਜਾ ਰਹੇ ਮੈਡੀਕਲ ਸਟੋਰ ਓ.ਪੀ.ਡੀ. ਤਿੰਨ ਸਾਲ ਲਈ ਠੇਕੇ ਤੇ ਦੇਣ ਲਈ ਮਿਤੀ 30.12.16 ਨੂੰ ਦੁਪਿਹਰ 12.00 ਵਜੇ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ ਦੇ ਕਾਨਫਰੰਸ ਰੂਮ ਵਿਖੇ ਖੁੱਲੀ ਬੋਲੀ ਕਰਵਾਈ ਜਾ ਰਹੀ ਹੈ।ਚਾਹਵਾਨ ਉਮੀਦਵਾਰ ਸਮੇਂ ਸਿਰ ਪਹੁੰਚ ਕੇ ਮੌਕੇ ਦਾ ਲਾਭ ਉਠਾ ਸਕਦੇ ਹਨ। ਸ਼ਰਤਾ ਹੇਠ ਲਿਖੇ ਅਨੁਸਾਰ ਹਨ:-

1. ਜਿਸ ਉਮੀਦਵਾਰ ਦੇ ਨਾਮ ਇਸ ਸੰਸਥਾ ਜਾਂ ਸੰਸਥਾ ਨਾਲ ਸੰਬੰਧਤ ਸੰਸਥਾਵਾਂ ਦੀ ਕਿਸੇ ਤਰ੍ਹਾਂ ਦੀ ਕੋਈ ਚੀਜ਼, ਰਕਮ ਆਦਿ ਨਾਮ ਲਗਦੀ ਹੋਵੇਗੀ ਉਸਨੂੰ ਬੋਲੀ ਦੇਣ ਦੀ ਇਜਾਜਤ ਨਹੀਂ ਹੋਵੇਗੀ।
2. ਬੋਲੀ ਦੇਣ ਤੋਂ ਪਹਿਲਾਂ ਉਮੀਦਵਾਰ ਨੂੰ 5,00,000/- (ਅੱਖਰੀ ਪੰਜ ਲੱਖ ਰੁਪਏ) ਸਕਿਉਰਟੀ ਵਜੋਂ ਜਮ੍ਹਾਂ ਕਰਵਾਉਣੇ ਪੈਣਗੇ। ਸਫਲ ਬੋਲੀਕਾਰ ਦੀ ਇਹ ਰਕਮ ਸਕਿਉਰਟੀ ਵਜੋਂ ਜਮ੍ਹਾਂ ਕਰ ਲਈ ਜਾਵੇਗੀ, ਜੋ ਕਿ ਠੇਕੇ ਦੀ ਮਿਆਦ ਖਤਮ ਹੋਣ ਉਪਰੰਤ ਵਾਪਸ ਕੀਤੀ ਜਾਵੇਗੀ। ਅਸਫਲ ਬੋਲੀਕਾਰਾਂ ਦੀ ਸਕਿਉਰਟੀ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ।
3. ਪਹਿਲੇ ਸਾਲ ਦੀ ਬੋਲੀ ਅਨੁਸਾਰ ਜੋ ਠੇਕੇ ਦੀ ਰਕਮ ਤਹਿ ਹੋਵੇਗੀ ਦੂਸਰੇ ਸਾਲ ਉਸ ਵਿਚ 15% ਵਾਧਾ ਕੀਤਾ ਜਾਵੇਗਾ। ਇਸੇ ਤਰ੍ਹਾਂ ਤੀਸਰੇ ਸਾਲ ਵੀ ਦੂਸਰੇ ਸਾਲ ਦੇ ਠੇਕੇ ਦੀ ਬਣਦੀ ਕੁੱਲ ਰਕਮ ਵਿਚ 15% ਦਾ ਵਾਧਾ ਕੀਤਾ ਜਾਵੇਗਾ।
4. ਜੇਕਰ ਠੇਕੇਦਾਰ ਤਿੰਨ ਸਾਲ ਤੋਂ ਪਹਿਲਾਂ ਠੇਕਾ ਛੱਡਦਾ ਹੈ ਤਾਂ ਉਸਦੀ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ।
5. ਠੇਕੇ ਦੀ ਪਹਿਲੇ ਸਾਲ ਦੀ ਕੁੱਲ ਰਕਮ ਦਾ 1/2 ਹਿੱਸਾ ਚੈਕ ਰਾਹੀਂ ਮੌਕੇ ਤੇ ਲਿਆ ਜਾਵੇਗਾ,ਬਾਕੀ ਦੀ ਅੱਧੀ ਰਕਮ ਦੋ ਬਰਾਬਰ ਕਿਸ਼ਤਾਂ ਵਿਚ ਠੇਕਾ ਸ਼ੁਰੂ ਹੋਣ ਦੀ ਤਰੀਖ ਤੋਂ ਤਿੰਨ ਤਿੰਨ ਮਹੀਨੇ ਵਿੱਚ ਲਈ ਜਾਵੇਗੀ ਜਿਸਦੇ ਪੋਸਟ ਡੇਟਿਡ ਚੈਕ ਮੌਕੇ ਤੇ ਲਏ ਜਾਣਗੇ। ਏਸੇ ਤਰ੍ਹਾਂ ਅਗਲੇ ਦੋ ਸਾਲ ਦੇ ਠੇਕੇ ਦੀ ਰਕਮ ਜਮ੍ਹਾਂ ਕਰਵਾਉਣੀ ਹੋਵੇਗੀ।ਜਿਸਦੇ ਪੋਸਟ ਡੇਟਿਡ ਚੈਕ ਵੀ ਮੌਕੇ ਤੇ ਲਏ ਜਾਣਗੇ ।
6. ਮੈਡੀਕਲ ਸਟੋਰ ਤੇ ਕੇਵਲ ਸ਼ਾਰਟ ਲਿਸਟਿਡ ਕੰਪਨੀਆਂ ( ਲਿਸਟ ਮੋਕੇ ਤੇ ਉਪਲਬਧ ਕਰਵਾ ਦਿੱਤੀ ਜਾਵੇਗੀ) ਦੀ ਮੈਡੀਸਨ ਰੱਖਣ ਦੀ ਹੀ ਆਗਿਆ ਹੋਵੇਗੀ।
7. OPD ਮੈਡੀਕਲ ਸਟੋਰ ਤੋਂ INDOOR ਮਰੀਜ ਨੂੰ ਦਵਾਈ ਦੇਣ ਦੀ ਆਗਿਆ ਨਹੀਂ ਹੋਵੇਗੀ।
8. ਮੈਡੀਕਲ ਸਟੋਰ ਤੇ ਕੋਈ ਵੀ ਨਵੀ ਕੰਪਨੀ ਦਾ ਪ੍ਰੋਡੈਕਟ ਐਂਟਰ ਕਰਨ ਤੋਂ ਪਹਿਲਾਂ ਡਾਇਰੈਕਟਰ ਪ੍ਰਿੰਸੀਪਲ ਦੀ ਇਜਾਜ਼ਤ ਲੈਣੀ ਲਾਜਮੀ ਹੋਵੇਗੀ।
9. ਮੈਡੀਕਲ ਸਟੋਰਾਂ ਵਿਚ ਪਹਿਲਾ ਤੋਂ ਲੱਗੇ ਰੈਕਾਂ ਤੋਂ ਇਲਾਵਾ ਵਰਤੋਂ ਵਾਲਾ ਫਰਨੀਚਰ ਆਦਿ ਠੇਕੇਦਾਰ ਦਾ ਹੋਵੇਗਾ ਅਤੇ ਵਧੀਆ ਦਰਜੇ ਦਾ ਹੋਣਾ ਚਾਹੀਦਾ ਹੈ।
10. ਟੁੱਟ -ਭੱਜ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
11. ਬਿਜਲੀ ਦਾ ਬਿੱਲ ਸਬ ਮੀਟਰ ਦੀ ਰੀਡਿੰਗ ਅਨੁਸਾਰ ਲਿਆ ਜਾਵੇਗਾ।
12. ਠੇਕੇਦਾਰ/ਉਸਦੇ ਕਰਮਚਾਰੀਆਂ ਜਾਂ ਕਿਸੇ ਹੋਰ ਵਿਅਕਤੀ ਨੂੰ ਮੈਡੀਕਲ ਸਟੋਰ ਅੰਦਰ ਸ਼ਰਾਬ ਪੀਣ, ਸਿਗਰੇਟ ਬੀੜੀ ਪੀਣ ਜਾਂ ਹੋਰ ਕਿਸੇ ਕਿਸਮ ਦਾ ਨਸ਼ਾ ਕਰਨ ਦੀ ਇਜਾਜ਼ਤ ਕਦਾਚਿਤ ਨਹੀਂ ਹੋਵੇਗੀ।
13. ਜਿਸ ਦੇ ਨਾਮ ਤੇ ਠੇਕਾ ਹੁੰਦਾ ਹੈ ਬਾਕੀ ਲੋੜ ਅਨੁਸਾਰ ਸ਼ਰਤਾਂ ਉਸ ਨਾਲ ਮੌਕੇ ਤੇ ਵਿਚਾਰੀਆਂ ਜਾਣਗੀਆਂ। ਜੇਕਰ ਠੇਕੇਦਾਰ ਉਪਰੋਕਤ ਸ਼ਰਤਾਂ ਦੀ ਪਾਲਣਾ ਨਹੀਂ ਕਰੇਗਾ ਤਾਂ ਠੇਕਾ ਕੈਂਸਲ ਕਰਕੇ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ।

ਸਕੱਤਰ

ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਹਸਪਤਾਲ ਟਰੱਸਟ

ਸ੍ਰੀ ਅੰਮ੍ਰਿਤਸਰ।